# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),(ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)
ਪੰਜਾਬ।

ਮੀਮੋ ਨੰ : ਸਸਅ/ਐਮਸੀ/2014/000736-738
ਮਿਤੀ : 21-01-2014

ਵਿਸ਼ਾ :- **ਚੌਥੀ ਤੋਂ ਅੱਠਵੀਂ ਦੇ ਸਕੰਲਿਤ ਮੁਲਾਂਕਣ (SA-2), ਨੌਵੀਂ ਤੇ ਦਸਵੀਂ ਜਮਾਤਾਂ ਦੀ ਪ੍ਰੀ-ਬੋਰਡ ਅਤੇ ਨੌਵੀਂ ਦੀ (ਸਾਲਾਨਾ) ਮਾਰਚ 2014 ਦੀ ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਮਾਰਚ ਮਹੀਨੇ ਵਿੱਚ ਚੌਥੀ ਤੋਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਦਾ ਸਕੰਲਿਤ ਮੁਲਾਂਕਣ (SA-2) ਹੋਣਾ ਹੈ ਅਤੇ ਨੌਵੀਂ ਜਮਾਤ ਲਈ ਮਾਰਚ ਦੀ ਸਾਲਾਨਾ ਪ੍ਰੀਖਿਆ ਤੋਂ ਇਲਾਵਾ ਨੌਵੀਂ ਦੀ ਪ੍ਰੀ-ਸਾਲਾਨਾ ਅਤੇ ਦਸਵੀਂ ਜਮਾਤ ਦੀ ਪ੍ਰੀ-ਬੋਰਡ ਪ੍ਰੀਖਿਆ ਫਰਵਰੀ ਵਿੱਚ ਲਈ ਜਾਣੀ ਹੈ। ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕਿ ਵਿਦਿਆਰਥੀ ਇਸ ਮੁਲਾਂਕਣ/ਪ੍ਰੀਖਿਆ ਪ੍ਰਤੀ ਪੂਰਨ ਰੂਪ ਵਿੱਚ ਦੁਹਰਾਈ ਕਰ ਸਕਣ ਅਤੇ ਇਸ ਮੁਲਾਂਕਣ ਪ੍ਰਤੀ ਸੰਜੀਦਾ ਹੋ ਜਾਣ, ਤਹਿਤ ਸਮਾਂ ਸਾਰਨੀ ਜਾਰੀ ਕੀਤੀ ਜਾ ਰਹੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ. | ਮਿਤੀ | ਦਿਨ | ਨੌਵੀਂ | ਅਠਵੀਂ | ਸੱਤਵੀਂ | ਛੇਵੀਂ | ਪੰਜਵੀਂ | ਚੌਥੀ |
|---|---|---|---|---|---|---|---|---|
| 1 | 10.03.2014 | ਸੋਮਵਾਰ | ਗਣਿਤ | ਅੰਗਰੇਜ਼ੀ | ਹਿੰਦੀ | ਪੰਜਾਬੀ | ---- | ---- |
| 2 | 11.03.2014 | ਮੰਗਲਵਾਰ | ਅੰਗਰੇਜ਼ੀ | ਸਮਾਜਿਕ ਸਿੱਖਿਆ | ਸਾਇੰਸ | ਸਾਇੰਸ | ---- | ---- |
| 3 | 12.03.2014 | ਬੁੱਧਵਾਰ | ਸਰੀਰਿਕ ਸਿੱਖਿਆ | ਕੰਪਿਊਟਰ | ਪੰਜਾਬੀ | ਸਮਾਜਿਕ ਸਿੱਖਿਆ | ਗਣਿਤ | ਅੰਗਰੇਜ਼ੀ |
| 4 | 13.03.2014 | ਵੀਰਵਾਰ | ਹਿੰਦੀ | ਸਰੀਰਿਕ ਸਿੱਖਿਆ | ਚੋਣਵਾਂ ਵਿਸ਼ਾ | ਸਰੀਰਿਕ ਸਿੱਖਿਆ | ਹਿੰਦੀ | ਪੰਜਾਬੀ |
| 5 | 14.03.2014 | ਸ਼ੁੱਕਰਵਾਰ | ਪੰਜਾਬੀ ਏ | ਚੋਣਵਾਂ ਵਿਸ਼ਾ | ਗਣਿਤ | ਅੰਗਰੇਜ਼ੀ | ---- | ---- |
| 6 | 15.03.2014 | ਸ਼ਨੀਵਾਰ | ਪੰਜਾਬੀ ਬੀ | ਪੰਜਾਬੀ | ਕੰਪਿਊਟਰ | ਚੋਣਵਾਂ ਵਿਸ਼ਾ | ਵਾਤਾਵਰਨ ਸਿੱਖਿਆ | ਗਣਿਤ |
| 7 | 18.03.2014 | ਮੰਗਲਵਾਰ | ਸਾਇੰਸ | ਗਣਿਤ | ਸਮਾਜਿਕ ਸਿੱਖਿਆ | ਹਿੰਦੀ | ਪੰਜਾਬੀ | ਹਿੰਦੀ |
| 8 | 19.03.2014 | ਬੁੱਧਵਾਰ | ਕੰਪਿਊਟਰ | ਹਿੰਦੀ | ਸਰੀਰਿਕ ਸਿੱਖਿਆ | ਕੰਪਿਊਟਰ | ਅੰਗਰੇਜ਼ੀ | ਵਾਤਾਵਰਨ ਸਿੱਖਿਆ |
| 9 | 20.03.2014 | ਵੀਰਵਾਰ | ਚੋਣਵਾਂ ਵਿਸ਼ਾ | ---- | ਅੰਗਰੇਜ਼ੀ | ---- | | |
| 10 | 21.03.2014 | ਸ਼ੁੱਕਰਵਾਰ | ਸਮਾਜਿਕ ਸਿੱਖਿਆ | ਸਾਇੰਸ | | ਗਣਿਤ | | |

ਮੁਲਾਂਕਣ/ਪ੍ਰੀਖਿਆ ਦਾ ਸਮਾਂ ਸਵੇਰੇ 9:30 ਵਜੇ ਤੋਂ ਦੁਪਹਿਰ 12:30 ਵਜੇ ਤੱਕ ਰਹੇਗਾ। ਸਕੂਲ ਦੇ ਅਨੁਸ਼ਾਸ਼ਨ ਦੀ ਜਿੰਮੇਵਾਰੀ ਪ੍ਰਿੰਸੀਪਲ/ਹੈੱਡ ਮਾਸਟਰ/ ਸਕੂਲ ਇੰਚਾਰਜ ਦੀ ਹੋਵੇਗੀ।

3.0 ਚੌਥੀ ਤੋਂ ਪੰਜਵੀਂ ਜਮਾਤ ਦੇ SA-2 (ਮਾਰਚ) ਪੰਜ ਵਿਸ਼ਿਆਂ ਅੰਗਰੇਜ਼ੀ, ਹਿੰਦੀ, ਗਣਿਤ, ਵਾਤਾਵਰਨ ਸਿੱਖਿਆ ਅਤੇ ਪੰਜਾਬੀ ਦੇ ਮੁਲਾਂਕਣ ਟੂਲਜ਼ ਦੇ ਸੈਂਪਲਜ਼ ਅਤੇ ਛੇਵੀਂ ਤੋਂ ਨੌਵੀਂ ਜਮਾਤ ਦੇ ਛੇ ਵਿਸ਼ਿਆਂ ਹਿੰਦੀ, ਪੰਜਾਬੀ, ਗਣਿਤ, ਵਿਗਿਆਨ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਦੇ ਮੁਲਾਂਕਣ ਟੂਲਜ਼/ਪੇਪਰ ਦੇ ਨਮੂਨੇ (ਸੈਂਪਲਜ਼) ਮੁੱਖ ਦਫ਼ਤਰ ਵੱਲੋਂ ਵਿਭਾਗ ਦੀ ਵੈੱਬ-ਸਾਈਟ ਤੇ 25 ਫਰਵਰੀ 2014 ਤੱਕ ਪਾ ਦਿੱਤੇ ਜਾਣਗੇ।

ਇਨ੍ਹਾਂ ਸੈਪਲਜ਼ ਦੇ ਆਧਾਰ ਤੇ ਸਬੰਧਤ ਅਧਿਆਪਕ ਆਪਣੇ ਪੱਧਰ ਤੇ ਮੁਲਾਂਕਣ ਟੂਲਜ਼/ਪੇਪਰ ਤਿਆਰ ਕਰਕੇ ਉਪਰੋਕਤ ਸਮਾਂ ਸਾਰਣੀ ਅਨੁਸਾਰ ਵਿਦਿਆਰਥੀਆਂ ਦਾ ਮੁਲਾਂਕਣ ਕਰਨਗੇ।

**4.0** ਕੰਪਿਊਟਰ ਅਧਿਆਪਕ ਆਪਣੇ ਵਿਸ਼ੇ ਦੇ ਮੁਲਾਂਕਣ ਟੂਲਜ਼/ਪੇਪਰ ਆਪਣੇ ਪੱਧਰ ਤੇ ਪੈਟਰਨ ਅਨੁਸਾਰ ਤਿਆਰ ਕਰਨਗੇ। ਜਿਸਦਾ ਸਮਾਂ ਦੋ ਘੰਟੇ ਹੋਵੇਗਾ। ਪ੍ਰੈਕਟੀਕਲ ਮੁਲਾਂਕਣ ਲਿਖਤੀ ਮੁਲਾਂਕਣ ਤੋਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

**5.0** ਛੇਵੀਂ ਤੋਂ ਨੌਵੀਂ ਜਮਾਤ ਦੇ ਸਾਇੰਸ/ ਹਿਸਾਬ/ ਚੋਣਵੇ ਵਿਸ਼ੇ ਦੀ ਪ੍ਰਯੋਗੀ ਪ੍ਰੀਖਿਆ/ ਮੁਲਾਂਕਣ ਵੀ ਸਬੰਧਤ ਵਿਸ਼ਾ ਅਧਿਆਪਕਾਂ ਵੱਲੋਂ ਲਿਖਤੀ ਮੁਲਾਂਕਣ ਤੋਂ ਬਾਅਦ 21 ਮਾਰਚ ਤੋਂ 25 ਮਾਰਚ 2014 ਤੱਕ ਮੁਕੰਮਲ ਕਰ ਲਿਆ ਜਾਵੇ।

**6.0** ਗਿਆਰਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ (ਮਾਰਚ 2014) ਦੇ ਮੁਲਾਂਕਣ ਲਈ ਸਕੂਲ ਮੁੱਖੀ ਆਪਣੇ ਪੱਧਰ ਤੇ ਸਬੰਧਤ ਵਿਸ਼ਾ ਅਧਿਆਪਕਾਂ ਦੁਆਰਾ, ਪਹਿਲਾਂ ਦੀ ਤਰ੍ਹਾਂ ਪੇਪਰ ਤਿਆਰ ਕਰਵਾ ਲੈਣ ਅਤੇ ਸਕੂਲ ਮੁੱਖੀ ਆਪਣੇ ਪੱਧਰ ਤੇ ਗਿਆਰਵੀਂ ਦੀਆਂ ਸਾਰੀਆਂ Streams ਲਈ ਸਮਾਂ ਸਾਰਣੀ ਜਾਰੀ ਕਰ ਲੈਣ।

**7.0** ਗਿਆਰਵੀਂ ਦੇ ਵਿਦਿਆਰਥੀਆਂ ਦੀ ਸਮਾਂ ਸਾਰਣੀ ਜਾਰੀ ਕਰਨ ਲੱਗਿਆ ਸਕੂਲ ਮੁੱਖੀ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹਨਾਂ ਜਮਾਤਾਂ ਦਾ ਲਿਖਤੀ ਮੁਲਾਂਕਣ ਵੀ 10 ਮਾਰਚ 2014 ਤੋਂ ਸ਼ੁਰੂ ਕੀਤਾ ਜਾਵੇ ਤਾਂ ਜੋ ਸਾਰੇ ਸਕੂਲਾਂ ਵਿੱਚ ਮੁਲਾਂਕਣ ਦਾ ਸਮਾਂ ਇਕਸਾਰ ਰਹੇ। ਇਸ ਤੋਂ ਇਲਾਵਾ ਜਿਹਨਾਂ ਵਿਸ਼ਿਆਂ ਦਾ ਪ੍ਰਯੋਗੀ ਮੁਲਾਂਕਣ ਹੋਣਾ ਹੈ, ਉਹ ਲਿਖਤੀ ਪ੍ਰੀਖਿਆ ਤੋਂ ਬਾਅਦ ਮੁਕੰਮਲ ਕਰ ਲਏ ਜਾਣ।

**8.0** ਨੌਵੀਂ ਦਾ ਪ੍ਰੀ-ਸਾਲਾਨਾ ਅਤੇ ਦਸਵੀਂ ਦਾ ਪ੍ਰੀ-ਬੋਰਡ ਮੁਲਾਂਕਣ ਸਕੂਲ ਆਪਣੇ ਪੱਧਰ ਤੇ ਪੇਪਰ ਤਿਆਰ ਕਰਕੇ 6 ਫਰਵਰੀ ਤੋਂ 13 ਫਰਵਰੀ ਤੱਕ ਲੈਣਗੇ। ਜਿਸ ਵਾਸਤੇ ਨਮੂਨਾ ਪੇਪਰ ਹੈੱਡ ਆਫਿਸ ਵੱਲੋਂ ਵਿਭਾਗ ਦੀ ਵੈੱਬ-ਸਾਈਟ ਤੇ 30 ਜਨਵਰੀ 2014 ਨੂੰ ਅਪਲੋਡ ਕਰ ਦਿੱਤੇ ਜਾਣਗੇ ।ਗਿਆਰਵੀਂ ਦੀ ਪ੍ਰੀ-ਸਾਲਾਨਾ ਅਤੇ ਬਾਰ੍ਹਵੀਂ ਜਮਾਤ ਦੀ ਪ੍ਰੀ-ਬੋਰਡ ਪ੍ਰੀਖਿਆ 30 ਜਨਵਰੀ 2014 ਤੋਂ 7 ਫਰਵਰੀ 2014 ਤੱਕ ਸਕੂਲ ਵੱਲੋਂ ਆਪਣੇ ਪੱਧਰ ਤੇ ਪੇਪਰ ਤਿਆਰ ਕਰਕੇ ਲਈ ਜਾਵੇ।

**9.0** ਸਕੂਲ ਮੁੱਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਪੇ-ਅਧਿਆਪਕ ਮਿਲਣੀ (PTM) 31 ਮਾਰਚ 2014 ਨੂੰ ਲਾਜ਼ਮੀ ਤੌਰ ਤੇ ਸਵੇਰੇ 10:00 ਵਜੇ ਤੋਂ 2:00 ਵਜੇ ਤੱਕ ਆਯੋਜਿਤ ਕਰਵਾਉਣਾ ਯਕੀਨੀ ਬਣਾਉਣ ਤਾਂ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਸਕਾਰਤਮਕ ਸਿੱਟੇ ਨਿਕਲ ਸਕਣ।

**10.0** ਸਮੂਹ ਸਕੂਲ ਮੁੱਖੀ, ਜਮਾਤ ਇੰਚਾਰਜ ਦੁਆਰਾ ਉੱਕਤ ਸਮਾਂ ਸਾਰਣੀ ਨੂੰ ਵਿਦਿਆਰਥੀਆਂ ਦੀ ਕਾਪੀ ਤੇ ਨੋਟ ਕਰਵਾਉਣ ਅਤੇ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਦੁਹਰਾਈ ਕਰਵਾਉਣ ਲਈ ਵਿਸ਼ਾ ਅਧਿਆਪਕ ਨੂੰ ਦੁਹਰਾਈ ਚਾਰਟ ਬਣਾਉਣ ਦੀ ਹਦਾਇਤ ਕਰਨ।

**11.0** ਉੱਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਅਜੀਤਗੜ੍ਹ**

**ਪਿੱਠ ਅੰਕਣ ਨੰ: ਸਸਅ/ਐਮਸੀ/2013/** 000739-740 **ਮਿਤੀ :** 21-01-2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ. (ਸੈ.ਸਿ.), ਪੰਜਾਬ।
2. ਡੀ.ਪੀ.ਆਈ. (ਐ.ਸਿ.), ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
4. ਡਿਪਟੀ ਐਸ.ਪੀ.ਡੀ. (ਆਰ.ਐਮ.ਐਸ.ਏ.), ਪੰਜਾਬ।
5. ਡੀ.ਐਮ. (ਐਮ.ਆਈ.ਐਸ.)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਅਜੀਤਗੜ੍ਹ**